Government of South Australia
Department for Education

**Office of the Chief Executive**
31 Flinders Street
Adelaide SA 5000
GPO Box 1152
Adelaide SA 5001
DX 541
www.education.sa.gov.au

ਪਿਆਰੇ ਮਾਪਿਓ ਅਤੇ ਦੇਖਭਾਲ ਕਰਤਾਓ,

COVID-19 ਨੇ ਬਤੌਰ ਇੱਕਲੇ-ਇੱਕਲੇ ਵਿਅਕਤੀ, ਬਤੌਰ ਪਰਿਵਾਰਾਂ ਅਤੇ ਬਤੌਰ ਭਾਈਚਾਰਿਆਂ, ਸਾਡੇ ਸਾਮ੍ਹਣੇ ਹਰ ਤਰੀਕੇ ਦੀਆਂ ਚੁਣੌਤੀਆਂ ਖੜੀਆਂ ਕਰ ਦਿੱਤੀਆਂ ਹਨ।

ਸਾਨੂੰ ਇਹ ਕਹਿੰਦਿਆਂ ਮਾਣ ਹੈ ਕਿ ਸਾਡੇ ਅਧਿਆਪਕ ਅਤੇ ਸਹਿਯੋਗ ਕਰਮਚਾਰੀ ਇਸ ਮੌਕੇ ਤੇ ਪੂਰੇ ਖਰੇ ਉੱਤਰੇ ਹਨ। ਭਾਵੇਂ ਉਨ੍ਹਾਂ ਨੂੰ ਭਾਈਚਾਰੇ ਦੇ ਸਦੱਸ ਹੋਣ ਦੇ ਨਾਅਤੇ ਆਪਣੀਆਂ ਚਿੰਤਾਵਾਂ ਵੀ ਹੋ ਸਕਦੀਆਂ ਸਨ, ਪਰ ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਦੀ ਸਿੱਖਿਆ ਨੂੰ ਸਭ ਚੀਜ਼ਾਂ ਤੋਂ ਉੱਪਰ ਰੱਖਿਆ ਹੈ।

ਸਕੂਲ ਅਤੇ ਪ੍ਰੀ-ਸਕੂਲ, ਖ਼ਾਸੀ ਜ਼ਰੂਰੀ (essential) ਸੇਵਾਵਾਂ ਹਨ। ਆਸਟ੍ਰੇਲੀਆ ਭਰ ਤੋਂ ਸੀਨੀਅਰ ਸਿਹਤ ਦੇ ਮਾਹਿਰਾਂ ਵੱਲੋਂ ਦਿੱਤੀ ਜਨਤਕ ਸਿਹਤ ਦੀ ਸਲਾਹ ਅਜੇ ਵੀ ਇਹ ਕਹਿੰਦੀ ਹੈ ਕਿ ਇਹ ਖੁੱਲੇ ਰਹਿ ਸਕਦੇ ਹਨ ਅਤੇ ਖੁੱਲੇ ਰਹਿਣੇ ਚਾਹੀਦੇ ਹਨ।

ਅਸੀਂ ਆਪਣੇ ਕਲਾਸਰੂਮਾਂ *(classrooms)* ਅਤੇ ਖੇਡਣ ਦੀਆਂ ਥਾਵਾਂ ਉੱਪਰ, ਸਮਾਜਿਕ ਦੂਰੀ ਅਤੇ ਨਿੱਜੀ-ਸਫ਼ਾਈ (hygiene) ਦੀਆਂ ਆਦਤਾਂ ਬਾਰੇ ਸਿਹਤ ਸਬੰਧੀ ਦਿੱਤੀ ਜਾ ਰਹੀ ਸਲਾਹ ਮੁਤਾਬਿਕ ਚੱਲਣਾ ਜਾਰੀ ਰੱਖਾਂਗੇ। ਉੱਤਮ ਗੁਣਵੱਤਾ ਦੀ ਸਿੱਖਿਆ ਪ੍ਰਦਾਨ ਕਰਦੇ ਹੋਏ ਵੀ, ਵਿਦਿਆਰਥੀਆਂ, ਕਰਮਚਾਰੀਆਂ ਅਤੇ ਸਕੂਲੀ ਭਾਈਚਾਰੇ ਦੀ ਸੁਰੱਖਿਆ ਅਤੇ ਭਲਾਈ, ਸਾਡੇ ਲਈ ਸਭ ਤੋਂ ਪਹਿਲੇ ਨੰਬਰ ਤੇ ਆਉਂਦੀ ਹੈ।

ਜਿਸ ਵੇਲੇ ਬਹੁਤੇ ਲੋਕੀ COVID-19 ਦੇ ਫੈਲਣ ਨੂੰ ਰੋਕਣ ਵਿੱਚ ਮਦਦ ਕਰਨ ਦੇ ਲਈ ਘਰੇ ਹੀ ਠਹਿਰ ਰਹੇ ਹਨ, ਅਸੀਂ ਚੁੱਪ ਕਰ ਕੇ ਖੜੇ ਨਹੀਂ ਰਹਾਂਗੇ।

ਪ੍ਰਦੇਸ਼ ਦੇ ਵਿੱਚ ਬੱਚਿਆਂ ਅਤੇ ਯੁਵਾ ਲੋਕਾਂ ਦੀ ਸਿੱਖਿਆ ਨੂੰ ਜਾਰੀ ਰੱਖਣਾ ਸਾਡੇ ਧਿਆਨ ਦਾ ਕੇਂਦਰ ਰਵ੍ਹੇਗਾ। ਅਧਿਆਪਕ, ਬੱਚਿਆਂ ਦੇ ਪ੍ਰਾਥਮਿਕ ਸਿੱਖਿਅਕ (early childhood educators), ਪ੍ਰਿੰਸੀਪਲ ਅਤੇ ਵਿਭਾਗਾਂ ਦੇ ਸਟਾਫ ਅਜਿਹੇ ਬੇਮਿਸਾਲ ਸਮੇਂ ਦੇ ਦੌਰਾਨ ਵੀ ਸਾਡੇ ਵੱਲੋਂ ਪਰਿਵਾਰਾਂ ਅਤੇ ਦੇਖਭਾਲ ਕਰਤਾਵਾਂ ਲਈ ਤਜਵੀਜ਼ ਕੀਤੀ ਗਈ ਸਹਾਇਤਾ ਦੇ ਹੋਰ ਵੀ ਨਵੇਂ ਨਵੇਂ ਤਰੀਕੇ ਤਿਆਰ ਕਰ ਰਹੇ ਹਨ।

ਪਿਛਲੇ ਹਫ਼ਤੇ ਅਸੀਂ Our Learning SA ਦੀ ਸ਼ੁਰੂਆਤ ਕੀਤੀ ਹੈ, ਜੋ ਕਿ ਇੱਕ ਵੈਬਸਾਈਟ ਹੈ ਜਿਸ ਵਿਚ ਸੈਂਕੜੇ ਸਿੱਖਿਆ ਦੇ ਸਰੋਤ ਸਟੋਰ ਕੀਤੇ ਗਏ ਹਨ ਜਿਸ ਨਾਲ ਬੱਚਿਆਂ ਅਤੇ ਯੁਵਾ ਲੋਕਾਂ ਨੂੰ ਅਜਿਹੇ ਵੇਲੇ ਆਪਣਾ ਸਿੱਖਣਾ ਜਾਰੀ ਰੱਖਣ ਵਿੱਚ ਮਦਦ ਮਿਲ ਸਕੇ ਜਦੋਂ ਉਹ ਘਰ ਵਿੱਚ ਹੀ ਰਹਿੰਦੇ ਹਨ। ਇਸ ਵਿੱਚ ABC ਦੇ ਉੱਚੀ ਗੁਣਵੱਤਾ ਵਾਲੇ TV ਪ੍ਰੋਗਰਾਮਾਂ ਦੇ ਲਿੰਕ ਸ਼ਾਮਿਲ ਕੀਤੇ ਗਏ ਹਨ ਜੋ ਕਿ ਵਿਦਿਆਰਥੀਆਂ ਦੀ ਸਿੱਖਣ ਵਿੱਚ ਵੀ ਮਦਦ ਕਰਦੇ ਹਨ। ਇਸ ਵਿੱਚ ਹੋਰ ਚੀਜ਼ਾਂ ਜੁੜਨਾ ਜਾਰੀ ਰਹੇਗਾ, ਇਸਲਈ ਇਸ ਨੂੰ www.ourlearning.sa.edu.au ਤੇ ਜਾ ਕੇ ਜ਼ਰੂਰ ਵੇਖੋ।

ਅਸੀਂ ਵੈਬਸਾਈਟ ਦੇ ਪਰਿਵਾਰ ਵਾਲੇ ਹਿੱਸੇ ਉੱਪਰ ਇੱਕ ਸਲਾਹ ਦੀ ਵੀ ਸਿਰਜਣਾ ਕੀਤੀ ਹੈ, ਜਿਸ ਵਿੱਚ ਵਿਦਿਆਰਥੀਆਂ ਅਤੇ ਪਰਿਵਾਰਾਂ ਦੇ ਲਈ ਵੀਡੀਓ ਅਤੇ ਤੱਥ ਸ਼ੀਟਾਂ (fact-sheets) ਮੌਜੂਦ ਹਨ, ਇਨ੍ਹਾਂ ਵਿੱਚ ਸ਼ਾਮਿਲ ਹਨ:

- ਸਿੱਖਣ ਦੇ ਵਾਤਾਵਰਣ ਨੂੰ ਸਥਾਪਿਤ ਕਰਨਾ
- ਘਰੋਂ ਸਿੱਖਣ ਦੇ ਨਾਲ ਨਾਲ ਖੁਸ਼ ਅਤੇ ਤੰਦਰੁਸਤ ਰਹਿਣਾ
- ਘਰੇ ਆਪਣੇ ਬੱਚੇ ਦੇ ਨਾਲ ਬੈਠ ਕੇ ਕੁਝ ਪੜ੍ਹਨਾ
- ਔਨਲਾਈਨ ਸਿੱਖਣ ਦੀ ਤਿਆਰੀ ਕਰਨੀ
- ਆਪਣੇ ਬੱਚੇ ਦੇ ਨਾਲ COVID-19 ਬਾਰੇ ਗੱਲ-ਬਾਤ ਕਰਨੀ

ਸਕੂਲ ਅਤੇ ਪ੍ਰੀ-ਸਕੂਲ, 'ਦੂਰੋਂ ਪ੍ਰਾਪਤ ਕੀਤੀ ਸਿੱਖਿਆ' (distance learning) ਦੇ ਬੰਦੋਬਸਤਾਂ ਨੂੰ ਲਾਗੂ ਕਰਨ ਦੇ ਵੱਖੋ-ਵਖਰੇ ਪੜਾਵਾਂ ਤੇ ਹਨ। ਇਸ ਤੋਂ ਇਲਾਵਾ, ਅਸੀਂ ਜਾਣਦੇ ਹਾਂ ਕਿ ਹਰ ਬੱਚੇ ਕੋਲ ਘਰ ਦੇ ਵਿੱਚ ਕੰਪਿਊਟਰ ਨਹੀਂ ਹੁੰਦਾ, ਜਾਂ ਇੰਟਰਨੈਟ ।

ਇਸ ਹਫ਼ਤੇ, ਜਿਸ ਵੇਲੇ ਬੱਚੇ ਨਹੀਂ ਆ ਰਹੇ ਹਨ, ਸਾਡੇ ਅਧਿਆਪਕ 'ਘਰੋਂ ਪ੍ਰਾਪਤ ਕੀਤੀ ਸਿੱਖਿਆ (home learning)' ਨੂੰ ਅਗਲੇ ਪੱਧਰ ਤੱਕ ਲੈ ਕੇ ਜਾ ਰਹੇ ਹਨ।

ਅਸੀਂ ਹਰ ਅਧਿਆਪਕ ਦੇ ਲਈ 'virtual classroom' ਉਪਲਬਧ ਕਰਵਾ ਰਹੇ ਹਾਂ, ਅਤੇ ਜਾਂਚ ਕਰ ਰਹੇ ਹਾਂ ਕਿ ਕਿਨ੍ਹਾਂ ਤਰੀਕਿਆਂ ਨਾਲ ਅਜਿਹੇ ਬੱਚਿਆਂ ਨੂੰ ਉਨ੍ਹਾਂ ਦੀ ਕਲਾਸ ਦੇ ਨਾਲ ਜੋੜਿਆ ਜਾਵੇ, ਜਿਨ੍ਹਾਂ ਕੋਲ ਕੰਪਿਊਟਰ ਜਾਂ ਇੰਟਰਨੈਟ ਕੁਨੈਕਸ਼ਨ ਨਹੀਂ ਹੈ। ਇਹ ਉਨ੍ਹਾਂ ਕਾਗਜ਼ੀ (hardcopy) ਸਰੋਤਾਂ ਦੇ ਨਾਲ ਨਾਲ ਚਲਦਾ ਹੈ ਜਿਨ੍ਹਾਂ ਨੂੰ ਅਧਿਆਪਕ ਉਨ੍ਹਾਂ ਬੱਚਿਆਂ ਦੇ ਲਈ ਤਿਆਰ ਕਰਨ ਵਿੱਚ ਰੁੱਝੇ ਹੋਏ ਹਨ, ਜਿਨ੍ਹਾਂ ਨੂੰ ਇਨ੍ਹਾਂ ਦੀ ਲੋੜ ਹੈ।

ਅਸੀਂ ਲਗਾਤਾਰ ਪ੍ਰਭਾਵਿਤ ਹੋ ਰਹੇ ਹਾਂ ਕਿ ਕਿਵੇਂ ਸਾਡਾ ਸਟਾਫ ਅਤੇ ਅਧਿਆਪਕ ਆਪਸੀ ਸਹਿਯੋਗ ਦੇ ਨਾਲ ਟਰਮ 2 ਦੀ ਤਿਆਰਿਆਂ ਕਰ ਰਹੇ ਹਨ। ਇਸ ਵਿੱਚ ਅਸੀਂ ਸਭ ਇਕ ਦੂਜੇ ਦੇ ਨਾਲ ਹਾਂ।

ਜੇ ਤੁਹਾਨੂੰ ਕਿਸੇ ਵੀ ਹੋਰ ਤਰੀਕੇ ਦੀ ਮਦਦ ਚਾਹੀਦੀ ਹੈ ਜਾਂ ਕੁਝ ਸਵਾਲ ਪੁੱਛਣਾ ਚਾਹੁੰਦੇ ਹੋ, ਤਾਂ ਕਿਰਪਾ ਕਰ ਕੇ ਆਪਣੇ ਬੱਚੇ ਦੇ ਅਧਿਆਪਕ ਦੇ ਸਹਿਯੋਗ ਨਾਲ ਕਾਰਵਾਈ ਕਰੋ।

ਤੁਹਾਡੇ ਵਿਸ਼ਵਾਸਪਾਤਰ

Hon John Gardner MP
**Minister for Education**

ਮਾਣਯੋਗ ਜੌਨ ਗਾਰਡਨਰ *MP*
**ਸਿਖਿਆ ਮੰਤਰੀ**
7 April 2020

Rick Persse
**Chief Executive**

ਰਿੱਕ ਪਰਸੇ
**ਪ੍ਰਮੁੱਖ ਕਾਰਜਕਾਰੀ**
7 April 2020